# ਚੋਣਵੇਂ ਹਾਈ ਸਕੂਲਾਂ ਅਤੇ ਮੁਨਾਸਬ ਮੌਕਾ ਕਲਾਸਾਂ ਲਈ ਗਾਈਡ

ਚੋਣਵੇਂ ਹਾਈ ਸਕੂਲ ਅਤੇ ਮੁਨਾਸਬ ਮੌਕਾ ਕਲਾਸਾਂ ਮਾਹਰ ਸਕੂਲ ਵਾਲੀਆਂ ਜਗ੍ਹਾਵਾਂ ਹਨ ਜੋ **ਉੱਚ ਸਮਰੱਥਾ ਅਤੇ ਪ੍ਰਤਿਭਾਵਾਨ ਵਿਦਿਆਰਥੀਆਂ** ਨੂੰ ਇਕੱਠੇ ਕਰਦੀਆਂ ਹਨ।

ਇੱਕੋ ਜਿਹੀਆਂ ਯੋਗਤਾਵਾਂ ਵਾਲੇ ਸਹਿਪਾਠੀਆਂ ਨਾਲ ਸਿੱਖਣਾ ਵਿਦਿਆਰਥੀਆਂ ਦੇ ਵਿਦਿਅਕ ਵਿਕਾਸ ਅਤੇ ਭਲਾਈ ਵਿੱਚ ਸਹਾਇਤਾ ਕਰਦਾ ਹੈ।

ਵਿਦਿਆਰਥੀ ਅਜੇ ਵੀ NSW ਪਾਠਕ੍ਰਮ ਦੀ ਪਾਲਣਾ ਕਰਦੇ  ਹਨ, ਪਰ ਅਧਿਆਪਕ ਉੱਚ ਸਮਰੱਥਾ ਅਤੇ ਪ੍ਰਤਿਭਾਵਾਨ ਸਿਖਿਆਰਥੀਆਂ ਲਈ ਪੜ੍ਹਾਉਣ ਦੀਆਂ ਵਿਸ਼ੇਸ਼ ਰਣਨੀਤੀਆਂ ਦੀ ਵਰਤੋਂ ਕਰ ਸਕਦੇ ਹਨ।

ਹਰੇਕ ਸਾਂਝੀ ਮੁਨਾਸਬ ਮੌਕਾ ਕਲਾਸ ਅਤੇ ਚੋਣਵੇਂ ਹਾਈ ਸਕੂਲ ਦੇ ਵਿੱਚ ਕੁੜੀਆਂ ਅਤੇ ਮੁੰਡਿਆਂ ਵਾਸਤੇ ਬਰਾਬਰ ਗਿਣਤੀ ਵਿੱਚ ਜਗ੍ਹਾਵਾਂ ਉਪਲਬਧ ਹੋਣਗੀਆਂ।

## ਚੋਣਵੇਂ ਹਾਈ ਸਕੂਲ

ਚੋਣਵੇਂ ਹਾਈ ਸਕੂਲਾਂ ਦੀਆਂ 4 ਕਿਸਮਾਂ ਹਨ:

- **ਪੂਰੀ ਤਰ੍ਹਾਂ ਚੋਣਵੇਂ ਹਾਈ ਸਕੂਲ** - ਇਹ ਉਹ ਸਕੂਲ ਹਨ ਜਿੱਥੇ ਸਾਰੇ ਵਿਦਿਆਰਥੀਆਂ ਨੂੰ ਪਲੇਸਮੈਂਟ ਟੈਸਟ ਦੇ ਆਧਾਰ ਤੇ ਚੁਣਿਆ ਗਿਆ ਹੈ
- **ਟੁੱਟਵੇਂ ਚੋਣਵੇਂ ਹਾਈ ਸਕੂਲ** - ਇਹ ਉਹ ਸਕੂਲ ਹਨ ਜਿਨ੍ਹਾਂ ਵਿੱਚ ਚੁਣੇ ਹੋਏ ਵਿਦਿਆਰਥੀਆਂ ਅਤੇ ਸਥਾਨਕ ਖੇਤਰ ਦੇ ਵਿਦਿਆਰਥੀਆਂ ਦਾ ਮਿਸ਼ਰਣ ਹੁੰਦਾ ਹੈ
- **ਖੇਤੀਬਾੜੀ ਚੋਣਵੇਂ ਹਾਈ ਸਕੂਲ** - ਇਹ ਉਹ ਸਕੂਲ ਹਨ ਜੋ ਖੇਤੀਬਾੜੀ ਦੇ ਅਧਿਐਨ 'ਤੇ ਜ਼ੋਰ ਦਿੰਦੇ ਹਨ ਅਤੇ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਅਕਾਦਮਿਕ ਯੋਗਤਾ ਦੇ ਆਧਾਰ 'ਤੇ ਚੁਣਿਆ ਜਾਂਦਾ ਹੈ। ਇਨ੍ਹਾਂ ਵਿੱਚੋਂ ਕੁਝ ਸਕੂਲ ਬੋਰਡਿੰਗ ਵੀ ਪ੍ਰਦਾਨ ਕਰਦੇ ਹਨ ਜਿੱਥੇ ਵਿਦਿਆਰਥੀ ਸਕੂਲ ਵਿੱਚ ਹੀ ਰਹਿੰਦੇ ਹਨ
- **Aurora College** - ਇਹ ਔਨਲਾਈਨ ਚੋਣਵੀਆਂ ਕਲਾਸਾਂ ਹਨ। ਉਹ ਪੇਂਡੂ ਅਤੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਸਥਾਨਕ ਜਨਤਕ ਹਾਈ ਸਕੂਲਾਂ ਵਿੱਚ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

## ਮੁਨਾਸਬ ਮੌਕਾ ਕਲਾਸਾਂ

ਮੁਨਾਸਬ ਮੌਕਾਂ ਕਲਾਸਾਂ 5ਵੀਂ ਅਤੇ 6ਵੀਂ ਜਮਾਤ ਵਿੱਚ ਉੱਚ ਸਮਰੱਥਾ ਵਾਲੇ ਅਤੇ ਪ੍ਰਤਿਭਾਵਾਨ ਵਿਦਿਆਰਥੀਆਂ ਲਈ ਹਨ। ਉਹ NSW ਵਿੱਚ ਕਈ ਜਨਤਕ ਪ੍ਰਾਇਮਰੀ ਸਕੂਲਾਂ ਵਿੱਚ ਪੇਸ਼ ਕੀਤੀਆਂ ਜਾਂਦੀਆਂ ਹਨ।

Aurora College ਆਪਣੇ ਸਥਾਨਕ ਪ੍ਰਾਇਮਰੀ ਸਕੂਲਾਂ ਵਿੱਚ ਪੇਂਡੂ ਅਤੇ ਦੂਰ-ਦੁਰਾਡੇ ਦੇ ਵਿਦਿਆਰਥੀਆਂ ਲਈ ਔਨਲਾਈਨ ਮੁਨਾਸਬ ਮੌਕਾ ਕਲਾਸਾਂ ਪ੍ਰਦਾਨ ਕਰਦਾ ਹੈ।

## ਉਹ ਕਿੱਥੇ ਸਥਿਤ ਹਨ?

ਚੋਣਵੇਂ ਹਾਈ ਸਕੂਲ ਅਤੇ ਮੁਨਾਸਬ ਮੌਕਾ ਕਲਾਸਾਂ ਮਹਾਂਨਗਰ, ਖੇਤਰੀ ਅਤੇ ਪੇਂਡੂ NSW ਵਿੱਚ ਉਪਲਬਧ ਹਨ। ਆਪਣੇ ਨੇੜਲੇ ਸਕੂਲ ਲਈ ਹੇਠਾਂ ਦਿੱਤੇ ਨਕਸ਼ਿਆਂ ਦੀ ਜਾਂਚ ਕਰੋ।

- ਮੁਨਾਸਬ ਮੌਕਾ ਕਲਾਸ ਲੱਭੋ
- ਚੋਣਵਾਂ ਹਾਈ ਸਕੂਲ ਲੱਭੋ

# ਮੈਨੂੰ ਕਿਵੇਂ ਪਤਾ ਲੱਗੇਗਾ ਕਿ ਇਹ ਮੇਰੇ ਬੱਚੇ ਲਈ ਸਹੀ ਹੈ?

ਕੀ ਤੁਹਾਡਾ ਬੱਚਾ:

- ਸਿੱਖਣ ਦਾ ਆਨੰਦ ਲੈਂਦਾ ਹੈ
- ਤੀਬਰ ਉਤਸੁਕਤਾ ਰੱਖਦਾ ਹੈ
- ਚੰਗੀ ਯਾਦਦਾਸ਼ਤ ਪ੍ਰਦਰਸ਼ਿਤ ਕਰਦਾ ਹੈ
- ਗੁੰਝਲਦਾਰ ਸਵਾਲ ਪੁੱਛਦਾ ਹੈ
- ਨਵੀਆਂ ਚੀਜ਼ਾਂ ਸਿੱਖਣ ਵੇਲੇ ਘੱਟ ਦੁਹਰਾਉਣ ਦੀ ਲੋੜ ਪੈਂਦੀ ਹੈ
- ਸੋਚਣ ਦੇ ਸਿਰਜਣਾਤਮਕ ਤਰੀਕਿਆਂ ਨੂੰ ਦਰਸਾਉਂਦਾ ਹੈ
- ਆਪਣੀ ਦਿਲਚਸਪੀ ਜਾਂ ਜਨੂੰਨ ਦੇ ਖੇਤਰ ਵਿੱਚ ਬਹੁਤ ਜ਼ਿਆਦਾ ਧਿਆਨ ਲਗਾਉਂਦਾ ਹੈ?

ਜੇ ਇਹਨਾਂ ਵਿੱਚੋਂ ਕੁਝ ਤੁਹਾਡੇ ਬੱਚੇ ਵਰਗੇ ਲੱਗਦੇ ਹਨ, ਤਾਂ ਮੁਨਾਸਬ ਮੌਕਾ ਕਲਾਸ ਜਾਂ ਚੋਣਵਾਂ ਹਾਈ ਸਕੂਲ ਤੁਹਾਡੇ ਲਈ ਵਧੀਆ ਤਰੀਕਾ ਹੋ ਸਕਦਾ ਹੈ।

# ਮੈਂ ਅਰਜ਼ੀ ਕਿਵੇਂ ਦੇਵਾਂ?

ਮਾਪੇ ਅਰਜ਼ੀ ਦੀ ਮਿਆਦ ਦੌਰਾਨ ਔਨਲਾਈਨ ਅਰਜ਼ੀ ਇੱਥੇ ਦਿੰਦੇ ਹਨ: shsoc.education.nsw.gov.au

## 2027 ਮੁਨਾਸਬ ਮੌਕਾ ਕਲਾਸ ਜਾਂ ਚੋਣਵੇਂ ਹਾਈ ਸਕੂਲ ਵਿੱਚ ਦਾਖ਼ਲਾ

2027 ਵਿੱਚ ਦਾਖ਼ਲੇ ਲਈ ਅਰਜ਼ੀ ਦੀ ਮਿਆਦ **6 ਨਵੰਬਰ 2025** ਤੋਂ **20 ਫਰਵਰੀ 2026** ਤੱਕ ਹੈ।

### ਜਦੋਂ ਮੈਂ ਅਰਜ਼ੀ ਦਿੰਦਾ/ਦੀ ਹਾਂ ਤਾਂ ਮੇਰਾ ਬੱਚਾ ਕਿਸ ਸਾਲ ਵਿੱਚ ਹੋਣਾ ਚਾਹੀਦਾ ਹੈ?

**ਮੁਨਾਸਬ ਮੌਕਾ ਕਲਾਸਾਂ**

ਮਾਪੇ ਉਦੋਂ ਅਰਜ਼ੀ ਦਿੰਦੇ ਹਨ ਜਦੋਂ ਉਨ੍ਹਾਂ ਦਾ ਬੱਚਾ 2025 ਵਿੱਚ ਤੀਸਰੀ ਜਮਾਤ ਦੇ ਅੰਤ ਦੇ ਨੇੜੇ ਹੁੰਦਾ ਹੈ ਜਾਂ 2026 ਵਿੱਚ ਚੌਥੀ ਜਮਾਤ ਦੀ ਸ਼ੁਰੂਆਤ ਵਿੱਚ ਹੁੰਦਾ ਹੈ।

**ਚੋਣਵੇਂ ਹਾਈ ਸਕੂਲ**

ਮਾਪੇ ਉਦੋਂ ਅਰਜ਼ੀ ਦਿੰਦੇ ਹਨ ਜਦੋਂ ਉਨ੍ਹਾਂ ਦਾ ਬੱਚਾ 2025 ਵਿੱਚ 5ਵੀਂ ਜਮਾਤ ਦੇ ਅੰਤ ਦੇ ਨੇੜੇ ਹੁੰਦਾ ਹੈ ਜਾਂ 2026 ਵਿੱਚ 6ਵੀਂ ਜਮਾਤ ਦੀ ਸ਼ੁਰੂਆਤ ਵਿੱਚ ਹੁੰਦਾ ਹੈ।

ਅਰਜ਼ੀ ਪ੍ਰਕਿਰਿਆ ਅਤੇ ਰਿਹਾਇਸ਼ ਦੀਆਂ ਲੋੜਾਂ ਬਾਰੇ ਸਾਡੀ ਵੈੱਬਸਾਈਟ 'ਤੇ ਹੋਰ ਜਾਣੋ ਕਿ ਕੌਣ ਮੁਨਾਸਬ ਮੌਕਾ ਕਲਾਸਾਂ ਲਈ ਅਰਜ਼ੀ ਦੇ ਸਕਦਾ ਹੈ ਅਤੇ ਕੌਣ ਚੋਣਵੇਂ ਹਾਈ ਸਕੂਲਾਂ ਲਈ ਅਰਜ਼ੀ ਦੇ ਸਕਦਾ ਹੈ।

# ਪਲੇਸਮੈਂਟ ਟੈਸਟ

ਅਰਜ਼ੀ ਦੇਣ ਤੋਂ ਬਾਅਦ, ਤੁਹਾਡੇ ਬੱਚੇ ਨੂੰ ਲਾਜ਼ਮੀ ਤੌਰ 'ਤੇ ਟੈਸਟ ਵਿੱਚ ਬੈਠਣਾ ਚਾਹੀਦਾ ਹੈ। ਫਿਰ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਟੈਸਟ ਵਿੱਚਲੇ ਪ੍ਰਦਰਸ਼ਨ ਦੇ ਆਧਾਰ ਤੇ ਪਲੇਸਮੈਂਟ ਲਈ ਚੁਣਿਆ ਜਾਂਦਾ ਹੈ।

## ਟੈਸਟ ਕਦੋਂ ਹੁੰਦਾ ਹੈ?

ਇਹ ਟੈਸਟ 2 ਦਿਨਾਂ ਦੀ ਮਿਆਦ ਵਿੱਚ ਉਪਲਬਧ ਹੋਵੇਗਾ:

**ਚੋਣਵੇਂ ਹਾਈ ਸਕੂਲ ਦੇ ਟੈਸਟ: ਸ਼ੁੱਕਰਵਾਰ 1 ਮਈ ਅਤੇ ਸ਼ਨੀਵਾਰ 2 ਮਈ 2026**

**ਮੁਨਾਸਬ ਮੌਕਾ ਕਲਾਸ ਦੇ ਟੈਸਟ: ਸ਼ੁੱਕਰਵਾਰ 8 ਮਈ ਅਤੇ ਸ਼ਨੀਵਾਰ 9 ਮਈ 2026**

ਵਿਦਿਆਰਥੀ ਸਿਰਫ਼ ਟੈਸਟ ਦੇ ਇਕ ਦਿਨ ਵਾਸਤੇ ਹਾਜ਼ਰ ਹੁੰਦੇ ਹਨ ਅਤੇ ਕੰਪਿਊਟਰ-ਆਧਾਰਿਤ ਪਲੇਸਮੈਂਟ ਟੈਸਟਾਂ ਵਿੱਚ ਬੈਠਣ ਲਈ ਆਪਣਾ ਕੰਪਿਊਟਰ ਨਾਲ ਲਿਆਉਣ ਦੀ ਲੋੜ **ਨਹੀਂ** ਹੁੰਦੀ।

## ਟੈਸਟ ਕਿੱਥੇ ਹੋਣਗੇ?

ਟੈਸਟ ਜ਼ਿਆਦਾਤਰ NSW ਦੇ ਸਥਾਨਕ ਸਰਕਾਰੀ ਹਾਈ ਸਕੂਲਾਂ ਵਿੱਚ ਆਯੋਜਿਤ ਕੀਤੇ ਜਾਣਗੇ। ਵਿਦਿਆਰਥੀਆਂ ਨੂੰ ਇਸ ਆਧਾਰ 'ਤੇ ਟੈਸਟ ਕੇਂਦਰ ਅਲਾਟ ਕੀਤਾ ਜਾਵੇਗਾ ਕਿ ਉਹ ਕਿੱਥੇ ਸਕੂਲ ਪੜ੍ਹਨ ਜਾਂਦੇ ਹਨ। ਮਾਪਿਆਂ ਨੂੰ ਟੈਸਟ ਵਾਲੇ ਦਿਨ ਆਪਣੇ ਬੱਚੇ ਨੂੰ ਟੈਸਟ ਕੇਂਦਰ ਵਿੱਚ ਲਿਜਾਣ ਦੀ ਲੋੜ ਹੁੰਦੀ ਹੈ।

## ਟੈਸਟ ਵਿੱਚ ਕੀ ਹੁੰਦਾ ਹੈ?

ਇਹ ਟੈਸਟ ਇਸ ਗੱਲ ਦਾ ਮੁਲਾਂਕਣ ਕਰਦਾ ਹੈ ਕਿ ਵਿਦਿਆਰਥੀ ਜੋ ਪੜ੍ਹਦੇ ਹਨ ਉਸ ਨੂੰ ਕਿੰਨੀ ਚੰਗੀ ਤਰ੍ਹਾਂ ਸਮਝਦੇ ਹਨ, ਗਣਿਤ ਦੀ ਵਰਤੋਂ ਕਰਕੇ ਤਰਕ ਦੇਣਾ ਅਤੇ ਉਨ੍ਹਾਂ ਦੇ ਸੋਚਣ ਦੇ ਹੁਨਰ। ਚੋਣਵੇਂ ਹਾਈ ਸਕੂਲਾਂ ਲਈ ਅਰਜ਼ੀ ਦੇਣ ਵਾਲਿਆਂ ਨੂੰ ਉਨ੍ਹਾਂ ਦੇ ਲਿਖਣ ਦੇ ਹੁਨਰਾਂ ਲਈ ਵੀ ਟੈਸਟ ਕੀਤਾ ਜਾਂਦਾ ਹੈ।

ਇੱਥੇ ਹੋਰ ਜਾਣੋ: ਪਲੇਸਮੈਂਟ ਟੈਸਟ।

# ਮੈਨੂੰ ਆਪਣੇ ਬੱਚੇ ਦੇ ਨਤੀਜਿਆਂ ਬਾਰੇ ਕਦੋਂ ਪਤਾ ਲੱਗੇਗਾ?

ਤੁਹਾਡੇ ਬੱਚੇ ਦੇ ਟੈਸਟ ਵਿੱਚ ਬੈਠਣ ਤੋਂ ਬਾਅਦ, ਤੁਹਾਨੂੰ ਉਨ੍ਹਾਂ ਦੇ ਟੈਸਟ ਵਿੱਚ ਪ੍ਰਦਰਸ਼ਨ ਅਤੇ ਅਗਲੇ ਕਦਮਾਂ ਬਾਰੇ ਟਰਮ 3 ਵਿੱਚ ਈਮੇਲ ਮਿਲੇਗੀ। ਜੇ ਤੁਹਾਡੇ ਬੱਚੇ ਨੂੰ ਕਿਸੇ ਜਗ੍ਹਾ ਦੀ ਪੇਸ਼ਕਸ਼ ਕੀਤੀ ਜਾਂਦੀ ਹੈ, ਤਾਂ ਤੁਹਾਨੂੰ ਇਸ ਬਾਰੇ ਜਾਣਕਾਰੀ ਮਿਲੇਗੀ ਕਿ ਦਾਖ਼ਲਾ ਕਿਵੇਂ ਲੈਣਾ ਹੈ।

# ਇਕੁਇਟੀ (ਨਿਰਪੱਖ) ਪਲੇਸਮੈਂਟ ਮਾਡਲ

ਇਕੁਇਟੀ ਪਲੇਸਮੈਂਟ ਮਾਡਲ ਸਾਰੇ ਵਿਦਿਆਰਥੀਆਂ ਨੂੰ ਚੋਣਵੇਂ ਹਾਈ ਸਕੂਲਾਂ ਅਤੇ ਮੁਨਾਸਬ ਮੌਕਾ ਕਲਾਸਾਂ ਤੱਕ ਉਚਿਤ ਪਹੁੰਚ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਦਾ ਹੈ।

ਮਾਡਲ ਦੇ ਅਧੀਨ, ਹਰੇਕ ਚੋਣਵੇਂ ਹਾਈ ਸਕੂਲ ਅਤੇ ਮੁਨਾਸਬ ਮੌਕਾ ਕਲਾਸ ਵਿੱਚ 20% ਤੱਕ ਵਿਦਿਆਰਥੀਆਂ ਦੇ ਸਥਾਨ ਇਨ੍ਹਾਂ ਉੱਚ ਸਮਰੱਥਾ ਵਾਲੇ ਅਤੇ ਪ੍ਰਤਿਭਾਵਾਨ ਵਿਦਿਆਰਥੀਆਂ ਲਈ ਰੱਖੇ ਜਾਂਦੇ ਹਨ:

- ਘੱਟ ਸਮਾਜਿਕ-ਵਿਦਿਅਕ ਲਾਭ ਵਾਲੇ ਖੇਤਰਾਂ ਤੋਂ
- ਆਦਿਵਾਸੀ ਅਤੇ/ਜਾਂ ਟੋਰੇਸ ਸਟ੍ਰੇਟ ਆਈਲੈਂਡਰ ਪਿਛੋਕੜ ਵਾਲੇ
- ਪੇਂਡੂ ਅਤੇ ਦੂਰ-ਦੁਰਾਡੇ ਦੀਆਂ ਜਗ੍ਹਾਵਾਂ ਤੋਂ
- ਅਪੰਗਤਾ ਵਾਲੇ।

ਰੱਖੇ ਗਏ ਸਥਾਨਾਂ ਦੀ ਪੇਸ਼ਕਸ਼ ਵਿਦਿਆਰਥੀਆਂ ਨੂੰ ਪਲੇਸਮੈਂਟ ਟੈਸਟ ਵਿੱਚ ਉਨ੍ਹਾਂ ਦੇ ਪ੍ਰਦਰਸ਼ਨ ਦੇ ਆਧਾਰ ਤੇ ਕੀਤੀ ਜਾਂਦੀ ਹੈ।

ਫ਼ੇਅਰ ਐਕਸੈੱਸ ਵਿਖੇ ਹੋਰ ਜਾਣੋ।

**NSW ਦੇ ਸਾਰੇ ਜਨਤਕ ਸਕੂਲਾਂ ਵਿੱਚ ਪ੍ਰਤਿਭਾਵਾਨ ਵਿਦਿਆਰਥੀਆਂ ਦੀ ਸਹਾਇਤਾ ਕਰਨਾ**

ਚੋਣਵੇਂ ਹਾਈ ਸਕੂਲ ਅਤੇ ਮੁਨਾਸਬ ਮੌਕਾ ਕਲਾਸਾਂ ਸਿਰਫ ਉਨ੍ਹਾਂ ਤਰੀਕਿਆਂ ਵਿੱਚੋਂ ਇਕ ਹਨ ਜੋ NSW ਸਿੱਖਿਆ ਵਿਭਾਗ ਉੱਚ ਸਮਰੱਥਾ ਵਾਲੇ ਅਤੇ ਪ੍ਰਤਿਭਾਵਾਨ ਵਿਦਿਆਰਥੀਆਂ ਦੀ ਸਹਾਇਤਾ ਲਈ ਕਰਦਾ ਹੈ।

ਉੱਚ ਸਮਰੱਥਾ ਵਾਲੇ ਅਤੇ ਪ੍ਰਤਿਭਾਵਾਨ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪੂਰੀ ਸਮਰੱਥਾ ਤੱਕ ਪਹੁੰਚਣ ਲਈ ਸਾਰੇ NSW ਜਨਤਕ ਸਕੂਲਾਂ ਵਿੱਚ ਸਹਾਇਤਾ ਦਿੱਤੀ ਜਾਂਦੀ ਹੈ। ਵਿਭਾਗ ਦੀ ਉੱਚ ਸਮਰੱਥਾ ਅਤੇ ਪ੍ਰਤਿਭਾਵਾਨ ਸਿੱਖਿਆ ਨੀਤੀ ਬਾਰੇ ਹੋਰ ਜਾਣੋ।

# ਵਧੇਰੇ ਜਾਣਕਾਰੀ ਦੀ ਲੋੜ ਹੈ?

ਵਧੇਰੇ ਵਿਸਥਾਰ ਪੂਰਵਕ ਜਾਣਕਾਰੀ ਵਾਸਤੇ ਹੇਠਾਂ ਦਿੱਤੇ ਵੈੱਬਪੇਜਾਂ ਦੀ ਜਾਂਚ ਕਰੋ।

## ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਵਾਸਤੇ ਵੈੱਬਪੇਜ

- **ਚੋਣਵੇਂ ਹਾਈ ਸਕੂਲ ਅਤੇ ਮੁਨਸਾਬ ਮੌਕਾ ਕਲਾਸਾਂ**: education.nsw.gov.au/shs-oc
- **ਚੋਣਵੇਂ ਹਾਈ ਸਕੂਲ**: education.nsw.gov.au/shs-yr7
- **ਮੁਨਾਸਬ ਮੌਕਾ ਕਲਾਸਾਂ**: education.nsw.gov.au/oc

## ਵਿਦਿਆਰਥੀਆਂ ਲਈ ਵੈੱਬਪੇਜ

- **ਵਿਦਿਆਰਥੀਆਂ ਲਈ ਚੋਣਵੇਂ ਹਾਈ ਸਕੂਲ ਅਤੇ ਮੁਨਾਸਬ ਮੌਕਾ ਕਲਾਸਾਂ ਦੀ ਜਾਣਕਾਰੀ**: edu.nsw.link/shs-oc-students
- **ਮੁਨਾਸਬ ਮੌਕਾ ਕਲਾਸ ਲਈ ਅਰਜ਼ੀ ਦੇਣਾ**: ਵਿਦਿਆਰਥੀ ਸਰੋਤ ਕੇਂਦਰ: edu.nsw.link/OChub
- **ਚੋਣਵੇਂ ਹਾਈ ਸਕੂਲ ਲਈ ਅਰਜ਼ੀ ਦੇਣਾ**: ਵਿਦਿਆਰਥੀ ਸਰੋਤ ਕੇਂਦਰ: edu.nsw.link/SHShub

## ਸੋਸ਼ਲ ਮੀਡੀਆ

ਸਾਡੇ ਅਧਿਕਾਰਤ ਵਿਭਾਗ ਦੇ ਫੇਸਬੁੱਕ ਗਰੁੱਪਾਂ ਵਿੱਚ ਸ਼ਾਮਲ ਹੋਵੋ:

- **ਚੋਣਵੇਂ ਹਾਈ ਸਕੂਲ ਵਿੱਚ ਪਲੇਸਮੈਂਟ**: edu.nsw.link/shs-fb
- **ਮੁਨਾਸਬ ਮੌਕਾ ਕਲਾਸਾਂ**: edu.nsw.link/oc-fb

## ਸਾਡੇ ਨਾਲ ਸੰਪਰਕ ਕਰੋ

ਚੋਣਵੇਂ ਸਿੱਖਿਆ ਟੀਮ (Selective Education Team) ਨਾਲ ਇੱਥੇ ਸੰਪਰਕ ਕਰੋ:

**ਈਮੇਲ**: set@det.nsw.edu.au

**ਫ਼ੋਨ**: 1300 880 367

**ਟੈਲੀਫੋਨ ਦੁਭਾਸ਼ੀਆ ਸੇਵਾ: 131 450**

ਜੇ ਤੁਹਾਨੂੰ ਆਪਣੀ ਪੁੱਛਗਿੱਛ ਵਿੱਚ ਸਹਾਇਤਾ ਕਰਨ ਲਈ ਦੁਭਾਸ਼ੀਏ ਦੀ ਲੋੜ ਹੈ ਤਾਂ ਕਿਰਪਾ ਕਰਕੇ ਟੈਲੀਫ਼ੋਨ ਦੁਭਾਸ਼ੀਆ ਸੇਵਾ ਨੂੰ ਫ਼ੋਨ ਕਰੋ ਅਤੇ ਔਪਰੇਟਰ ਨੂੰ ਦੱਸੋ:

- ਉਹ ਭਾਸ਼ਾ ਜਿਸਦੀ ਤੁਹਾਨੂੰ ਲੋੜ ਹੈ
- ਉਹ ਫ਼ੋਨ ਨੰਬਰ ਜਿਸ ਨੂੰ ਤੁਸੀਂ ਫ਼ੋਨ ਕਰਨਾ ਚਾਹੁੰਦੇ ਹੋ।

ਔਪਰੇਟਰ ਚੋਣਵੀਂ ਸਿੱਖਿਆ ਟੀਮ ਦੇ ਫ਼ੋਨ ਨੰਬਰ (1300 880 367) 'ਤੇ ਫ਼ੋਨ ਕਰੇਗਾ ਅਤੇ ਤੁਹਾਡੀ ਗੱਲਬਾਤ ਵਿੱਚ ਤੁਹਾਡੀ ਸਹਾਇਤਾ ਲਈ ਲਾਈਨ 'ਤੇ ਦੁਭਾਸ਼ੀਏ ਨੂੰ ਲਿਆਵੇਗਾ। ਇਸ ਸੇਵਾ ਵਾਸਤੇ ਤੁਹਾਡੇ ਕੋਲੋਂ ਕੋਈ ਫ਼ੀਸ ਨਹੀਂ ਲਈ ਜਾਵੇਗੀ।